

# ਰਾਸ਼ਟਰੀ ਕਿਰਤ ਸਬੰਧਾਂ ਬਾਰੇ ਕਾਨੂੰਨ (NLRA) ਹੇਠ ਤੁਹਾਡੇ ਹੱਕ

ਰਾਸ਼ਟਰੀ ਕਿਰਤ ਸਬੰਧਾਂ ਬਾਰੇ ਬੋਰਡ (NLRB)

## ਮੁਲਾਜ਼ਮਾਂ ਨੂੰ—ਯੂਨੀਅਨ ਨਾਲ ਜਾਂ ਯੂਨੀਅਨ ਤੋਂ ਬਿਨਾ, ਆਪਣੇ ਕੰਮ ਦੀਆਂ ਸਥਿਤੀਆਂ ਨੂੰ ਬਿਹਤਰ ਬਣਾਉਣ ਲਈ ਇਕੱਠੇ ਹੋਕੇ ਸ਼ਾਮਿਲ ਹੋਣ ਦਾ ਹੱਕ ਹੈ।

### ਸਮੂਹ ਦੀ ਸਰਗਰਮੀ ਦੀ ਰਾਖੀ ਕੀਤੀ ਜਾਂਦੀ ਹੈ

- ਤਨਖ਼ਾਹ, ਸਮਿਆਂ, ਸੁਰੱਖਿਆ ਜਾਂ ਅਣਉਚਿਤ ਵਿਹਾਰ ਵਰਗੇ ਨੌਕਰੀ ਨਾਲ ਜੁੜੇ ਮੁੱਦਿਆਂ ਬਾਰੇ ਇੱਕ ਦੂਜੇ ਨਾਲ ਗੱਲ ਕਰਨੀ
- ਕੰਮ ਨਾਲ ਜੁੜੇ ਮਾਮਲਿਆਂ ਬਾਰੇ ਸੁਪਰਵਾਈਜ਼ਰ, ਸਰਕਾਰੀ ਏਜੰਸੀ, ਪ੍ਰੈਸ ਜਾਂ ਕਿਸੇ ਹੋਰ ਵਿਅਕਤੀ ਕੋਲ ਸ਼ਿਕਾਇਤ ਕਰਨੀ

### ਵਿਅਕਤੀ ਵਲੋਂ ਕੀਤੀ ਗਈ ਸਰਗਰਮੀ ਦੀ ਰਾਖੀ ਕੀਤੀ ਜਾ ਸਕਦੀ ਹੈ

- ਹੋਰਨਾਂ ਮੁਲਾਜ਼ਮਾਂ ਲਈ ਬੋਲਣਾ
- ਕੰਮ ਵਾਲੀ ਥਾਂ ਬਿਹਤਰ ਬਣਾਉਣ ਲਈ ਹੋਰਨਾਂ ਮੁਲਾਜ਼ਮਾਂ ਨੂੰ ਇਕੱਠੇ ਹੋਣ ਲਈ ਮਨਾਉਣ ਦੀ ਕੋਸ਼ਿਸ਼ ਕਰਨੀ
- NLRB ਕੋਲ ਦੋਸ਼ ਦਾਇਰ ਕਰਨਾ

### ਯੂਨੀਅਨ ਦੀ ਸਰਗਰਮੀ ਦੀ ਰਾਖੀ ਕੀਤੀ ਜਾਂਦੀ ਹੈ

- ਕੰਮ ਵਾਲੀ ਥਾਂ 'ਤੇ ਯੂਨੀਅਨ ਲਈ ਹਿਮਾਇਤ ਦਰਸਾਉਣੀ
- ਸਹਿ-ਵਰਕਰਾਂ ਨੂੰ ਜੱਥੇਬੰਦ ਕਰਨ ਲਈ ਯੂਨੀਅਨ ਦੀ ਮਦਦ ਕਰਨੀ
- ਯੂਨੀਅਨ ਦੀ ਹਿਮਾਇਤ ਕਰਨ ਤੋਂ ਮਨ੍ਹਾ ਕਰਨਾ

### ਜੇ NLRA ਹੇਠ ਤੁਸੀਂ ਆਪਣੇ ਹੱਕਾਂ ਦੀ ਵਰਤੋਂ ਕਰਦੇ ਹੋ, ਤਾਂ ਤੁਹਾਡਾ ਨੌਕਰੀਦਾਤਾ

- ਤੁਹਾਨੂੰ ਨੌਕਰੀਓਂ ਨਹੀਂ ਕੱਢ ਸਕਦਾ ਜਾਂ ਤੁਹਾਡਾ ਅਹੁਦਾ ਨਹੀਂ ਘਟਾ ਸਕਦਾ
- ਤੁਹਾਡੀ ਤਨਖ਼ਾਹ, ਸਮਾਂ ਜਾਂ ਲਾਭ ਘੱਟ ਨਹੀਂ ਕਰ ਸਕਦਾ
- ਤੁਹਾਡੀ ਨੌਕਰੀ ਨੂੰ ਵੱਧ ਔਖੀ ਜਾਂ ਅਸੁਖਾਵੀਂ ਨਹੀਂ ਬਣਾ ਸਕਦਾ, ਤੁਹਾਨੂੰ ਧਮਕਾ ਨਹੀਂ ਸਕਦਾ
- ਤੁਹਾਡੀਆਂ ਮੀਟਿੰਗਾਂ ਜਾਂ ਯੂਨੀਅਨ ਦੀਆਂ ਕਾਰਵਾਈਆਂ ਬਾਰੇ ਤੁਹਾਨੂੰ ਸੁਆਲ ਨਹੀਂ ਕਰ ਸਕਦਾ
- ਤੁਹਾਡੀਆਂ ਕਿਸੇ ਵੀ ਮੀਟਿੰਗਾਂ ਜਾਂ ਯੂਨੀਅਨ ਦੀਆਂ ਕਾਰਵਾਈਆਂ ਬਾਰੇ ਜਾਸੂਸੀ ਨਹੀਂ ਕਰ ਸਕਦਾ

**ਜੇ ਤੁਹਾਨੂੰ ਲੱਗਦਾ ਹੈ ਕਿ ਆਪਣੇ NLRA ਹੱਕਾਂ ਦੀ ਵਰਤੋਂ ਕਰਨ ਬਦਲੇ ਤੁਹਾਡੇ ਨਾਲ ਵਿਤਕਰਾ ਕੀਤਾ ਗਿਆ ਹੈ ਜਾਂ ਇਸ ਬਾਰੇ ਹੋਰ ਜਾਣਕਾਰੀ ਚਾਹੁੰਦੇ ਹੋ, ਤਾਂ ਸਾਡੇ ਨਾਲ ਸੰਪਰਕ ਕਰੋ। ਤੁਹਾਡੀ ਕਾੱਲ ਮੁਫ਼ਤ ਅਤੇ ਗੁਪਤ ਹੈ।**

ਰਾਸ਼ਟਰੀ ਦਫ਼ਤਰ ਦਾ ਨੰਬਰ
1-844-762-6572

bit.ly/nlrboffices
'ਤੇ ਆਪਣੇ ਸਥਾਨਕ ਦਫ਼ਤਰ ਬਾਰੇ ਪਤਾ ਲਾਓ

'ਇਹਨਾਂ ਸਾਈਟਾਂ 'ਤੇ ਇਲਜ਼ਾਮ ਦਾਇਰ ਕਰੋ
bit.ly/FileACharge

nlrb.gov | @NLRBGC | @NLRBGC | @NLRB_GC | publicinfo@nlrb.gov







## ਰਾਸ਼ਟਰੀ ਕਿਰਤ ਸਬੰਧਾਂ ਬਾਰੇ ਕਾਨੂੰਨ ਹੇਠ ਕੌਣ ਆਉਂਦਾ ਹੈ?

**ਇਸ ਹੇਠ ਨਿਜੀ-ਖੇਤਰ ਦੇ ਬਹੁਤੇ ਮੁਲਾਜ਼ਮ ਸੁਰੱਖਿਅਤ ਹਨ, ਇਸ ਵਿੱਚ ਸ਼ਾਮਿਲ ਹਨ:**

- "ਬਲਿਊ-ਕਾੱਲਰ ਵਰਕਰ" ਜਿਵੇਂ ਫ਼ੈਕਟਰੀਆਂ, ਇਮਾਰਤ-ਉਸਾਰੀ ਅਤੇ ਸਾਂਭ-ਸੰਭਾਲ ਕਰਨ ਵਾਲੇ ਲੋਕ।
- "ਵਾਈਟ-ਕਾੱਲਰ ਵਰਕਰ" ਜਿਵੇਂ ਪੱਤਰਕਾਰ, ਮੁਨਾਫ਼ਾ ਨਾ ਕਮਾਉਣ ਵਾਲੇ ਵਰਕਰ ਅਤੇ ਟੈਕ ਵਰਕਰ।
- ਰੈਸਤਰਾਂ, ਹੋਟਲ, ਸਿਹਤ-ਸੰਭਾਲ ਅਤੇ ਰਿਟੇਲ ਵਿੱਚ ਕੰਮ ਕਰਨ ਵਾਲੇ ਲੋਕ।

**ਵਰਕਰਾਂ ਦੀ ਰਾਖੀ ਕੀਤੀ ਜਾਂਦੀ ਹੈ, ਚਾਹੇ ਉਹਨਾਂ ਕੋਲ ਇਮੀਗ੍ਰੇਸ਼ਨ ਦੇ ਕਾਗਜ਼ਾਤ ਹਨ ਜਾਂ ਨਹੀਂ, ਇਸ ਰਾਖੀ ਹੇਠ ਉਹ U.S. ਵਿੱਚ ਕੰਮ ਕਰ ਸਕਦੇ ਹਨ।**

ਸਾਡੀ ਮੋਬਾਈਲ ਐਪ ਡਾਉਨਲੋਡ ਕਰਨ ਲਈ ਸਕੈਨ ਕਰੋ

NATIONAL LABOR RELATIONS BOARD